**ਮਾਡਲ ਪ੍ਰਸ਼ਨ-ਪੱਤਰ**
**ਜਮਾਤ : ਬਾਰ੍ਹਵੀਂ**
**ਵਿਸ਼ਾ : ਪੰਜਾਬੀ**
**Set – B**

**ਕੋਡ : 532** **ਸੈਸ਼ਨ : 2023-24**
**ਸਮਾਂ : ਤਿੰਨ ਘੰਟੇ** **ਕੁੱਲ ਅੰਕ : 80**
**ਪੇਪਰ : ਸਾਲਾਨਾ**

ਨੋਟ: ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

## ਭਾਗ (ੳ)

1. **ਹੇਠ ਲਿਖੇ ਪੈਰ੍ਹੇ ਨੂੰ ਸਿਰਲੇਖ ਸਹਿਤ ਸੰਖੇਪ ਕਰਕੇ ਦੁਬਾਰਾ ਲਿਖੋ: 5**

ਚੰਗੀਆਂ ਪੁਸਤਕਾਂ ਮਨੁੱਖ ਲਈ ਵਰਦਾਨ ਹਨ। ਜਦੋਂ ਦੁੱਖਾਂ-ਮੁਸੀਬਤਾਂ ਦੇ ਕਾਲੇ ਬੱਦਲ ਸਾਡੇ ਜੀਵਨ ਨੂੰ ਹਨੇਰੀ ਬੁੱਕਲ ਵਿਚ ਲਪੇਟ ਲੈਂਦੇ ਹਨ ਅਤੇ ਸਾਡੇ ਸੰਗੀ-ਸਾਥੀ ਤੇ ਮਿੱਤਰ-ਦੋਸਤ ਸਾਥ ਛੱਡ ਜਾਂਦੇ ਹਨ ਤਾਂ ਇਹ ਪੁਸਤਕਾਂ ਆਪਣੇ ਮਿੱਠੇ ਅਤੇ ਸਿਆਣੇ ਬੋਲਾਂ ਨਾਲ ਸਾਡਾ ਹੌਸਲਾ ਵਧਾਉਂਦੀਆਂ ਹਨ, ਸਾਨੂੰ ਢਾਰਸ ਦਿੰਦੀਆਂ ਹਨ ਅਤੇ ਸਾਡੇ ਗਿਆਨ ਵਿਚ ਵਾਧਾ ਕਰਦੀਆਂ ਹਨ। ਇਹ ਸਾਨੂੰ ਦ੍ਰਿੜ੍ਹਤਾ ਨਾਲ ਜਿਉਣ ਦੀ ਜਾਂਚ ਦੱਸਦੀਆਂ ਹਨ। ਮਨੁੱਖ ਦੀ ਹਜ਼ਾਰਾ ਵਰ੍ਹਿਆਂ ਦੀ ਸਿਆਣਪ ਅਤੇ ਤਜ਼ਰਬਿਆਂ ਦਾ ਨਿਚੋੜ ਇਹਨਾਂ ਵਿੱਚ ਛੁਪਿਆ ਹੁੰਦਾ ਹੈ। ਇਹਨਾਂ ਦੇ ਬੂਹੇ ਹਰ ਛੋਟੇ-ਵੱਡੇ, ਉੱਚੇ-ਨੀਵੇਂ, ਅਮੀਰ-ਗਰੀਬ ਲਈ ਸਦਾ ਖੁਲ੍ਹੇ ਰਹਿੰਦੇ ਹਨ। ਇਹ ਸਾਨੂੰ ਇਕ ਅਜਿਹੀ ਦੌਲਤ ਨਾਲ ਮਾਲਾ-ਮਾਲ ਕਰਦੀਆਂ ਹਨ ਜਿਸ ਨੂੰ ਚੋਰ ਚੁਰਾ ਨਹੀਂ ਸਕਦਾ, ਪਾਣੀ ਰੋੜ੍ਹ ਨਹੀਂ ਸਕਦਾ, ਅੱਗ ਸਾੜ ਨਹੀਂ ਸਕਦੀ। ਚੰਗੀਆਂ ਪੁਸਤਕਾਂ ਮਨੁੱਖਾਂ ਦੀਆਂ ਸੱਚੀਆਂ ਦੋਸਤ ਹੁੰਦੀਆਂ ਹਨ। ਉਹ ਦੋਸਤ ਜੋ ਕਦੇ ਬੁਰਾ ਨਹੀਂ ਸੋਚ ਸਕਦਾ ਅਤੇ ਧੋਖਾ ਨਹੀਂ ਦਿੰਦਾ। ਵੱਡੇ ਭਾਗਾਂ ਵਾਲੇ ਹਨ ਉਹ ਲੋਕ ਜਿਨ੍ਹਾਂ ਨੂੰ ਪੁਸਤਕਾਂ ਪੜ੍ਹਨ ਦਾ ਸੌਕ ਹੈ।

2. ਕਿਸੇ ਇਕ ਸਿੱਟੇ ਨੂੰ ਪ੍ਰਗਟ ਕਰਦੀ ਕਹਾਣੀ ਲਿਖੋ : 5

   (ੳ) ਅੰਗੂਰ ਖੱਟੇ ਹਨ

   (ਅ) ਬੁੱਧੀ ਬਲ ਨਾਲੋਂ ਸ਼ਕਤੀਵਾਨ ਹੈ

   (ੲ) ਅੰਤ ਭਲੇ ਦਾ ਭਲਾ

3. **ਹੇਠ ਲਿਖੇ ਸਾਹਿਤਕਾਰਾਂ ਵਿਚੋਂ ਕਿਸੇ ਇਕ ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖੇਪ ਰੂਪ ਵਿਚ ਲਿਖੋ ।** **5**

(ੳ) ਸ਼ੇਖ਼ ਫ਼ਰੀਦ ਜੀ

(ਅ) ਭਾਈ ਵੀਰ ਸਿੰਘ

(ੲ) ਬਲਵੰਤ ਗਾਰਗੀ

4. **ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ** : 1x5 = 5

(i) ਗੁਰੂ ਨਾਨਕ ਜੀ ਦੀ ਕਿਹੜੀ ਬਾਣੀ ਦਾ ਆਰੰਭ ਮੂਲ ਮੰਤਰ ਨਾਲ ਹੁੰਦਾ ਹੈ?

(ੳ) ਆਸਾ ਦੀ ਵਾਰ (ਅ) ਪੱਟੀ

(ੲ) ਜਪੁਜੀ (ਸ) ਦੱਖਣੀ ਓਅੰਕਾਰ

(ii) ਗੁਰੂ ਅਰਜਨ ਦੇਵ ਜੀ ਦੀ ਪ੍ਰਸਿੱਧ ਬਾਣੀ ਕਿਹੜੀ ਹੈ?

(ੳ) ਜਪੁਜੀ ਸਾਹਿਬ (ਅ) ਸੁਖਮਨੀ ਸਾਹਿਬ

(ੲ) ਅਨੰਦ ਸਾਹਿਬ (ਸ) ਚੰਡੀ ਦੀ ਵਾਰ

(iii) ਸ਼ਾਹ ਹੁਸੈਨ ਕਿਹੜੇ ਇਸ਼ਕ ਦੀ ਗੱਲ ਕਰਦਾ ਹੈ?

(ੳ) ਹਕੀਕੀ (ਅ) ਮਜਾਜ਼ੀ

(ੲ) ਸੰਸਾਰੀ (ਸ) ਮਤਲਬੀ

(iv) ਬੁੱਲ੍ਹੇ ਸ਼ਾਹ ਕਿਸ ਕਾਵਿ-ਧਾਰਾ ਦਾ ਕਵੀ ਹੈ?

(ੳ) ਗੁਰਮਤਿ ਕਾਵਿ-ਧਾਰਾ (ਅ) ਕਿੱਸਾ ਕਾਵਿ-ਧਾਰਾ

(ੲ) ਸੂਫ਼ੀ ਕਾਵਿ-ਧਾਰਾ (ਸ) ਵਾਰ ਕਾਵਿ-ਧਾਰਾ

(v) ਦਮੋਦਰ ਦੇ ਕਿੱਸੇ ਦੀ ਬੋਲੀ ਕਿਹੜੀ ਹੈ?

(ੳ) ਪੋਠੋਹਾਰੀ (ਅ) ਝਾਂਗੀ

(ੲ) ਦੁਆਬੀ (ਸ) ਪੁਆਧੀ

5. **ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ** : 1x5= 5

(i) ਰਹੱਸਵਾਦੀ/ਅਰਸ਼ਾ ਦਾ ਕਵੀ ਕਿਸ ਨੂੰ ਕਿਹਾ ਜਾਂਦਾ ਹੈ?

(ੳ) ਭਾਈ ਵੀਰ ਸਿੰਘ (ਅ) ਧਨੀ ਰਾਮ ਚਾਤ੍ਰਿਕ

(ੲ) ਸ਼ਿਵ ਕੁਮਾਰ (ਸ) ਬਾਵਾ ਬਲਵੰਤ

(ii) ਕਿਸ ਨੇ ਛੰਦਾ-ਬੰਦੀ ਨੂੰ ਨਵਾਬੀ ਜੁੱਤੀ ਦੀ ਕੈਦ ਕਿਹਾ?

(ੳ) ਭਾਈ ਵੀਰ ਸਿੰਘ (ਅ) ਪ੍ਰੋ. ਪੂਰਨ ਸਿੰਘ

(ੲ) ਧਨੀ ਰਾਮ ਚਾਤ੍ਰਿਕ (ਸ) ਸ਼ਿਵ ਕੁਮਾਰ

(iii) ਪ੍ਰੋ. ਮੋਹਨ ਸਿੰਘ ਦੇ ਮਹਾਂਕਾਵਿ ਦਾ ਨਾਂ ਦੱਸੋ।

(ੳ) ਏਸ਼ੀਆ ਦਾ ਚਾਨਣ (ਅ) ਨਾਨਕਾਇਣ

(ੲ) ਵਿਸ਼ਵ ਨੂਰ (ਸ) ਮਰਦ ਅਗਮੜਾ

(iv) 'ਅੱਜ ਆਖਾਂ ਵਾਰਸ਼ ਸ਼ਾਹ ਨੂੰ' ਕਵਿਤਾ ਕਿਸ ਦੀ ਰਚਨਾ ਹੈ?

(ੳ) ਪ੍ਰੋ: ਮੋਹਨ ਸਿੰਘ (ਅ) ਭਾਈ ਵੀਰ ਸਿੰਘ

(ੲ) ਬਾਵਾ ਬਲਵੰਤ (ਸ) ਅੰਮ੍ਰਿਤਾ ਪ੍ਰੀਤਮ

(v) ਕਿਸ ਕਵੀ ਦੀ ਕਵਿਤਾ ਬਿਰਹਾ ਪ੍ਰਧਾਨ ਹੈ?

(ੳ) ਸ਼ਿਵ ਕੁਮਾਰ (ਅ) ਅੰਮ੍ਰਿਤਾ ਪ੍ਰੀਤਮ

(ੲ) ਪ੍ਰੋ. ਮੋਹਨ ਸਿੰਘ (ਸ) ਸੰਤ ਰਾਮ ਉਦਾਸੀ

**6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ ਜਾਂ ਇਕ ਵਾਕ ਵਿਚ ਲਿਖੋ:**

(i) ਸਿੱਖ ਧਰਮ ਦੇ ਮੋਢੀ ਗੁਰੂ ਕੌਣ ਹਨ?

(ii) ਸ਼ੇਖ ਫ਼ਰੀਦ ਜੀ ਦੇ ਮੁਰਸ਼ਦ (ਗੁਰੂ) ਦਾ ਨਾਂ ਕੀ ਸੀ?

(iii) ਪੰਜਾਬੀ ਨਿੱਕੀ ਕਹਾਣੀ ਨੂੰ ਪੱਛਮੀ ਤਕਨੀਕ ਅਨੁਸਾਰ ਕਿਸ ਨੇ ਢਾਲਿਆ?

(iv) ਆਈ.ਸੀ. ਨੰਦਾ ਨੇ ਕਿਸ ਖੇਤਰ ਵਿਚ ਪ੍ਰਸਿੱਧੀ ਪ੍ਰਾਪਤ ਕੀਤੀ?

(v) ਗੁਰਬਖਸ਼ ਸਿੰਘ ਨੇ ਕਿਹੜਾ ਨਗਰ ਵਸਾਇਆ

**ਭਾਗ - ਅ**

**7. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ ਵਿਚ ਦਿਓ :** 1x3 = 3

(i) 'ਸੁਪਨੇ ਵਿਚ ਤੁਸੀ ਮਿਲੇ ਅਸਾਨੂੰ' ਅਸਾਂ ਧਾ ਗਲਵਕੜੀ ਪਾਈ' ਕਾਵਿ-ਸਤਰ ਦੀ ਕਵਿਤਾ ਕਿਹੜੀ ਹੈ?

(ii) ਕ੍ਰਿਸ਼ਨ ਕਿਥੋਂ ਦਾ ਰਾਜਾ ਬਣਿਆ ਸੀ?

(iii) 'ਜਾਇਦਾਦ' ਕਿਸ ਨੂੰ ਕਿਹਾ ਗਿਆ ਹੈ?

**8. ਹੇਠ ਲਿਖਿਆਂ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ:** 1x3 = 3

(i) 'ਸ਼ੋਭਾ-ਸ਼ਕਤੀ' ਨਾਟਕ ਕਿਸ ਦੀ ਰਚਨਾ ਹੈ?

(ੳ) ਬਲਵੰਤ ਗਾਰਗੀ (ਅ) ਡਾ. ਹਰਚਰਨ ਸਿੰਘ

(ੲ) ਆਈ.ਸੀ. ਨੰਦਾ (ਸ) ਪ੍ਰਿ: ਸੰਤ ਸਿੰਘ ਸੇਖੋਂ

(ii) ਤੀਜਾ ਨਾਟ ਕਿਸ ਰੁੱਤ ਵਿਚ ਵਾਪਰਦਾ ਹੈ?

(ੳ) ਗਰਮੀ (ਅ) ਬਹਾਰ

(ੲ) ਬਰਸਾਤ (ਸ) ਚੜ੍ਹਦਾ ਸਿਆਲ

(iii) ਘਰ ਦੀ ਨੌਕਰਾਣੀ ਦਾ ਨਾਂ ਕੀ ਸੀ?

(ੳ) ਲੀਲਾ (ਅ) ਰੇਖਾ

(ੲ) ਸ਼ਾਂਤੀ (ਸ) ਮਾਈ

**9. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਵਾਕ ਜਾਂ ਇਕ ਸ਼ਬਦ ਵਿਚ ਲਿਖੋ:** 1x3 = 3

(i) ਭਾਈ ਲਾਲੋ ਦੇ ਘਰ ਦੀ ਹਾਲਤ ਕਿਹੋ ਜਿਹੀ ਸੀ?

(ii) ਠਾਣੇਦਾਰ ਕਿੱਥੋਂ ਲੰਘ ਰਿਹਾ ਸੀ?

(iii) ਇਕ ਆਦਮੀ ਨੇ ਲੇਖਕ ਦੀ 'ਪੱਗ' ਨੂੰ ਕੀ ਕਿਹਾ ਸੀ?

**10. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦੇ ਉੱਤਰ ਸੰਖੇਪ ਵਿਚ ਲਿਖੋ:** 2x2 = 4

(i) ਜਿਨ੍ਹਾਂ ਦੇ ਮਨ ਵਿਚ ਪ੍ਰੀਤਮ ਦੇ ਮਿਲਾਪ ਦੀ ਇੱਛਾ ਹੋਵੇ ਉਹ ਕੀ ਕਰਦੇ ਹਨ?

(ii) ਲੱਖ ਗਰੀਬਾਂ ਮਜਦੂਰਾਂ ਦੇ ਹੰਝੂਆਂ ਤੇ ਪਲਣ ਵਾਲਾ ਹੁਸਨ ਹੁਸਨ ਕਿਉਂ ਨਹੀਂ?

(iii) ਬੱਚਾ ਕਿਉਂ ਕਹਿੰਦਾ ਹੈ, ''ਮੇਰਾ ਬਚਪਨ ਅਜੇ ਨਾ ਆਇਆ।''

**11. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਲਿਖੋ :** 2x2 = 4

(i) ਸ਼ੋਭਾ ਦੇ ਚਰਿਤਰ ਦਾ ਗੁਣ ਲਿਖੋ।

ਜਾਂ

ਸਤੀਸ਼ ਦੇ ਚਰਿੱਤਰ ਦੇ ਗੁਣ ਲਿਖੋ ।

(ii) ਸੋਭਾ ਘਰ ਦਾ ਤਿਆਗ ਕਰਕੇ ਕਿੱਥੇ ਚਲੀ ਜਾਂਦੀ ਹੈ?

ਜਾਂ

ਤੀਜੇ ਨਾਟ ਵਿਚ ਸੋਭਾ ਕਿਉਂ ਘਰ ਨੂੰ ਛੱਡਣ ਦਾ ਫੈਸਲਾ ਕਰ ਲੈਂਦੀ ਹੈ?

**12. ਹੇਠ ਲਿਖੇ ਪ੍ਰਸ਼ਨਾਂ ਵਿੱਚ ਕਿਸੇ ਦੋ ਦੇ ਉੱਤਰ ਸੰਖੇਪ ਵਿੱਚ ਲਿਖੋ:** 2x2 = 4

(i) ਅਦਾਲਤ ਅਨੁਸਾਰ ਜ਼ੇਮਸ ਨੇ ਵੈਦਰ ਕਰਾਫਟ ਨੂੰ ਕਿਸ ਉਦੇਸ਼ ਲਈ ਕਤਲ ਕੀਤਾ ਸੀ?

(ii) ਪਿਆਰ ਵਿਚ ਕਿਹੜੇ ਗੁਣ ਹਮੇਸ਼ਾ ਸਮੋਏ ਰਹਿੰਦੇ ਹਨ?

(iii) ਏਵੀਆ ਦੇ ਕਾਸੀਨੋ ਬਾਰੇ ਤੁਸੀ ਕੀ ਜਾਣਦੇ ਹੋ?

13. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਦਿਓ :** **3**
ਕਵੀ ਕਿਉਂ ਆਦਮੀ ਬਣ ਬਣ ਥੱਕਿਆ?'' ਉੱਤਰ ਕਵਿਤਾ ਦੇ ਆਧਾਰ 'ਤੇ ਦਿਓ ।

ਜਾਂ

ਊਸ਼ਾ ਦੇ ਆਉਣ ਨਾਲ ਕੀ ਹੋਇਆ ਹੈ?

14. **ਹੇਠ ਲਿਖੇ ਪ੍ਰਸ਼ਨ ਦਾ ਉੱਤਰ 20-25 ਸ਼ਬਦਾਂ ਵਿਚ ਲਿਖੋ ।** **3**
ਰਮੇਸ਼ ਸ਼ੋਭਾ ਉੱਤੇ ਕੀ ਦੋਸ਼ ਲਾਉਂਦਾ ਹੈ?

ਜਾਂ

ਦੀਨ ਦਿਆਲ ਕਪੂਰ ਨੂੰ ਸੋਭਾ ਦੁਆਰਾ ਪਿਆਰ-ਵਿਆਹ ਕਰਨ ਦੀ ਗੱਲ ਸੁਣ ਕੇ ਗੁੱਸਾ ਕਿਉਂ ਚੜ੍ਹਦਾ ਹੈ?

15. **ਕਿਸੇ ਇਕ ਪ੍ਰਸ਼ਨ ਦਾ ਉੱਤਰ 20-25 ਸ਼ਬਦਾਂ ਵਿਚ ਲਿਖੋ :** **3**
   (i) ਬਾਬੇ ਵਰਿਆਮੇ ਦੁਆਰਾ ਪਿਛਲੇ ਜਨਮਾਂ ਦਾ ਹਾਲ ਦੱਸਣ ਕਾਰਨ ਉਸ ਰਾਤ ਹਰ ਘਰ ਵਿਚ ਚੁੱਲਾ ਕਿਉਂ ਨਾ ਬਲਿਆ?
   (ii) 'ਸ਼ੀਸ਼ੇ ਸਾਹਮਣੇ' ਲੇਖ ਦੇ ਆਧਾਰ 'ਤੇ ਲੇਖਕ ਦੇ ਕੀ-ਕੀ ਸ਼ਗਲ ਹਨ?

16. **ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :** **5**

ਮੇਰੀ ਛਿਪੀ ਰਹੇ ਗੁਲਜ਼ਾਰ ਮੈਂ ਨੀਵਾਂ ਉੱਗਿਆ।
ਕੋਈ ਲਗੇ ਨਾ ਨਜ਼ਰ ਟਪਾਰ ਮੈਂ ਪਰਬਤ ਲੁੱਕਿਆ।
ਮੈਂ ਲਿਆ ਅਕਾਸ਼ੋ ਰੰਗ ਜੁ ਸ਼ੋਖ ਨ ਵੰਨ ਦਾ ।
ਹਾਂ ਧੁਰੋਂ ਗਰੀਬੀ ਮੰਗ ਮੈਂ ਆਯਾ ਜਗਤ ਤੇ ।

ਜਾਂ

ਧੌਲ ਤਾ ਥੱਕਿਆ
ਥਕ ਕੇ ਬਹਿ ਗਿਆ,
ਧਰਮ ਨੀ ਹਾਰਿਆ,
ਪੰਖ ਲਾ ਕੇ ਉਡ ਗਿਆ
ਧੀਆਂ ਨੂੰ ਥੱਕਣ ਦੀ
ਪੰਖ ਲਾ ਉੱਡਣ ਦੀ
ਜਾਚ ਹੀ ਨਹੀਂ ਹੈ

**17. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇਕ ਦਾ ਸਾਰ ਲਿਖੋ :** **5**

(ੳ) ਟੁਕੜੀ ਜਗ ਤੋਂ ਨਯਾਰੀ

(ਅ) ਤਾਜ ਮਹਿਲ

(ੲ) ਲੂਣਾ

**18. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਇੱਕ ਪ੍ਰਸ਼ਨ ਦਾ ਉੱਤਰ 40-50 ਸ਼ਬਦਾਂ ਵਿੱਚ ਲਿਖੋ :** **5**

(ੳ) 'ਸ਼ੋਭਾ-ਸ਼ਕਤੀ' ਨਾਟਕ ਦੇ ਦੂਜੇ ਅੰਕ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।

(ਅ) 'ਸ਼ੋਭਾ-ਸ਼ਕਤੀ' ਨਾਟਕ ਦੇ ਰਮੇਸ਼ ਦਾ ਚਰਿੱਤਰ ਚਿਤਰਣ ਕਰੋ।

**19. ਹੇਠ ਲਿਖੇ ਲੇਖਾਂ ਵਿੱਚੋਂ ਕਿਸੇ ਇਕ ਲੇਖ ਦਾ ਸਾਰ 40-50 ਸ਼ਬਦਾਂ ਵਿੱਚ ਲਿਖੋ :** **5**

(ੳ) ਕੌਮ ਲਈ ਕੁਰਬਾਨੀ

(ਅ) ਘਰ ਵਿਚ ਹੀ ਗੁਰਿਆਈ

(ੲ) ਸ਼ੀਸ਼ੇ-ਸਾਹਮਣੇ

✡ ✡ ✡ ✡ ✡ ✡